**ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ**
**(ਰਜਿਸਟਰਡ ਆਫਿਸ ਪੰ:ਰਾ:ਬਿ:ਬੋ:ਹੈਡ ਆਫਿਸ ਬਿਲਡਿੰਗ ਦੀ ਮਾਲ, ਪਟਿਆਲਾ)**
**ਦਫਤਰ : ਮੁੱਖ ਇੰਜੀਨੀਅਰ / ਟੀ ਐਸ, ਤੀਜੀ ਮੰਜਿਲ, ਸ਼ਕਤੀ ਸਦਨ, ਪਟਿਆਲਾ**

**ਨੋਟੀਫਿਕੇਸ਼ਨ ਨੰ:** 13/ਟੀ.ਐਸ./ਐਸ.ਟੀ.-6016/ਵਾਲਯੂਮ-2 ਮਿਤੀ : 3.1.2013

ਇਹ ਦੱਸਿਆ ਜਾਂਦਾ ਹੈ ਕਿ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਜਿਸ ਨੂੰ ਹੁਣ ਪੀ.ਐਸ.ਟੀ.ਸੀ.ਐਲ ਕਿਹਾ ਜਾਵੇਗਾ) ਵਲੋਂ ਨਿਮਨਲਿਖਤ ਸਕੀਮਾਂ/ਟਰਾਂਸਮਿਸ਼ਨ ਦੇ ਕੰਮ ਸ਼ੁਰੂ ਕਰਨ ਦਾ ਪ੍ਰਸਤਾਵ ਹੈ, ਜਿਹੜੀਆਂ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੇ ਸੰਚਾਲਣ ਅਤੇ ਵੰਡ ਵਿੱਚ ਸੁਧਾਰ ਕਰਨ ਲਈ ਬਿਜਲੀ ਦੀ ਡਿਸਪਰਸਲ /ਵੰਡ ਲਈ ਜ਼ਰੂਰੀ ਹਨ।

**ਟਰਾਂਸਮਿਸ਼ਨ ਵਰਕਸ ਫਾਰ ਦੀ ਈਅਰ 2012-2013**

| ਲੜੀ ਨੰ: | ਕੰਮ ਦਾ ਨਾਂ | ਸਕੋਪ ਆਫ ਵਰਕ, ਅੰਦਾਜਨ ਲੈਂਥ ਆਫ ਲਾਈਨ ਇਨ ਕਿਲੋਮੀਟਰਜ਼ | ਸਾਈਜ਼ ਆਫ ਕੰਡਕਟਰ ਇਨ ਸਕੇਅਰ ਇੰਚ | ਅੰਦਾਜਨ ਕੀਮਤ (ਲੱਖਾਂ ਵਿੱਚ) |
|---|---|---|---|---|
| 1. | 220ਕੇ.ਵੀ. ਲਾਈਨ ਫਰਾਮ 400 ਕੇ.ਵੀ. ਮੁਕਤਸਰ ਟੂ 220 ਕੇ.ਵੀ. ਸਬਸਟੇਸ਼ਨ ਗੁਬਾਇਆ ਸਿੰਗਲ ਸਰਕਟ ਆਨ ਡਬਲ ਸਰਕਟ ਟਾਵਰਜ਼ | 37.913 | 0.4 | 1006.97 |
| | **ਡਿਪਾਜ਼ਿਟ ਵਰਕ** | | | |
| 2. | ਸ਼ਿਫਟਿੰਗ ਆਫ ਐਗਜਿਸਟਿੰਗ 220 ਕੇ.ਵੀ. ਮਾਨਸਾ-ਐਚ.ਪੀ.ਸੀ.ਐਲ. ਰਿਫਾਇਨਰੀ ਰਾਮਸਰਾ ਡਬਲ ਸਰਕਟ ਲਾਈਨ ਫਰਾਮ ਦ ਨਿਯੂਲੀ ਕੰਸਟਰਕਟਿਡ ਰੋਡ ਟੂ ਐਚ.ਪੀ.ਸੀ.ਐਲ. ਰਿਫਾਇਨਰੀ ਰਾਮਸਰਾ | 0.655 | 0.4 | 23.84 |

ਟਾਵਰਜ਼, ਪੋਲਜ਼, ਵਾਇਰਜ਼, ਸਟੇਅਜ਼ (ਖਿੱਚਾਂ) ਅਤੇ ਸਾਜ਼ ਸਮਾਨ ਲਗਾਉਣ ਲਈ ਜਿਹੜਾ ਕਿ ਉਕਤ ਦੱਸੇ ਅਤੇ ਦੂਰ ਸੰਚਾਰ ਨੈਟ ਵਰਕਸ ਲਈ ਟਰਾਂਸਮਿਸ਼ਨ ਲਾਈਨਾਂ ਲਗਾਉਣ ਲਈ ਜਿਹੜੀਆਂ ਕਿ ਇਹਨਾਂ ਲਾਈਨਾਂ ਦੇ ਚੰਗੀ ਤਰ੍ਹਾਂ ਕੰਮ ਕਰਨ ਲਈ ਜ਼ਰੂਰੀ ਹਨ।ਪੀ.ਐਸ.ਟੀ.ਸੀ.ਐਲ.ਦਾ ਇਰਾਦਾ ਹੈ ਕਿ ਉਹ ਆਪਣੇ ਉਨ੍ਹਾਂ ਅਧਿਕਾਰਾਂ ਦੀ ਵਰਤੋਂ ਕਰੇ, ਜਿਹੜੇ ਕਿ ਉਸ ਨੂੰ ਟੈਲੀਗਰਾਫਿਕ ਅਥਾਰਟੀਜ਼ ਵਲੋਂ ਟੈਲੀਗਰਾਫ ਐਕਟ-1885 (XIII- ਆਫ 1885) ਇਨ ਰਿਸਪੈਕਟ ਆਫ ਟੈਲੀਗਰਾਫ ਇਸਟੈਬਲਿਸ਼ ਅਤੇ ਮੇਨਟੇਨ ਅਧੀਨ ਸੈਕਸ਼ਨ 12 ਤੋਂ 16, 18 ਅਤੇ 19 ਰਾਹੀਂ ਮਿਲੇ ਹਨ, ਜਿੱਥੇ ਇੰਡੀਅਨ ਇਲੈਕਟ੍ਰੀਸਿਟੀ ਐਕਟ - 1910 ਲਾਗੂ ਨਹੀਂ ਹੁੰਦਾ ਅਤੇ ਉਥੇ ਪੀ.ਐਸ.ਟੀ.ਸੀ.ਐਲ. ਦੀ ਸਕੀਮ ਲਈ ਕੋਈ ਵੱਖਰਾ ਨੋਟਿਸ ਦੇਣ ਦੀ ਲੋੜ ਨਹੀਂ।

ਇਹ ਨੋਟੀਫਿਕੇਸ਼ਨ ਇੰਡੀਅਨ ਇਲੈਕਟ੍ਰੀਸਿਟੀ ਐਕਟ-1910 ਦੀ ਸਬੰਧਤ ਧਾਰਾ ਦੀਆਂ ਨਵੀਆਂ ਜ਼ਰੂਰੀ ਤਬਦੀਲੀਆਂ ਜੋ ਕਿ ਹੁਣ ਤੱਕ ਲਾਗੂ ਹੋਈਆਂ ਹਨ, ਅੱਗੇ ਤੋਂ ਇਸ ਵਿੱਚ ਹੋਣ ਵਾਲੀਆਂ ਤਬਦੀਲੀਆਂ ਅਤੇ ਇਸ ਸਬੰਧੀ ਹੋਏ ਕਾਨੂੰਨ ਜੇ ਕੋਈ ਹੋਏ ਹੋਣ ਅਤੇ ਬਿਜਲੀ ਐਕਟ-2003 ਦੀ ਸੈਕਸ਼ਨ 164 ਦੀਆਂ ਨਵੀਂਆਂ ਧਾਰਾਵਾਂ ਮੁਤਾਬਿਕ ਜਾਰੀ ਕੀਤੀ ਜਾਂਦੀ ਹੈ।ਇਸ ਸਬੰਧੀ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਜੇ ਕਿਸੇ ਵਿਅਕਤੀ ਨੂੰ ਉਪਰੋਕਤ ਸਕੀਮ/ਟਰਾਂਸਮਿਸ਼ਨ ਲਾਈਨਾਂ ਦੇ ਕੰਮਾਂ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੀ ਪ੍ਰਤੀ ਵੇਦਨਾ ਇਸ ਨੋਟੀਫਿਕੇਸ਼ਨ ਜਾਰੀ ਹੋਣ ਤੋਂ 2 ਮਹੀਨੇ ਦੇ ਅੰਦਰ ਅੰਦਰ ਦੇ ਸਕਦਾ ਹੈ। ਇਸ ਤੋਂ ਬਾਅਦ ਕੋਈ ਇਤਰਾਜ਼ ਜਾਂ ਪ੍ਰਤੀ ਵੇਦਨਾ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਸਾਰੀ ਸਕੀਮ/ਟਰਾਂਸਮਿਸ਼ਨ ਲਾਈਨਾਂ ਦੇ ਕੰਮ ਬਿਨ੍ਹਾਂ ਕੋਈ ਸੋਧ ਕੀਤੇ ਜਾਂ ਸੋਧ ਕਰਕੇ ਪੀ.ਐਸ.ਟੀ.ਸੀ.ਐਲ. ਦੀ ਮੰਨਜ਼ੂਰੀ ਮੁਤਾਬਿਕ ਲਾਗੂ ਮੰਨੇ ਜਾਣਗੇ। ਇਸ ਸਿਲਸਿਲੇ ਵਿੱਚ ਲੋੜੀਂਦੇ ਆਰਜ਼ੀ ਪਲਾਨ ਜਿਨ੍ਹਾਂ ਵਿੱਚ ਟਰਾਂਸਮਿਸ਼ਨ ਲਾਈਨਾਂ ਦੇ ਰਸਤੇ ਵਿਖਾਏ ਗਏ ਹਨ, ਕਿਸੇ ਵੀ ਕੰਮ ਕਾਰ ਵਾਲੇ ਦਿਨ ਉਪ ਮੁੱਖ ਇੰਜੀਨੀਅਰ/ਟੀ.ਐਲ.ਐਸ.ਸੀ.,ਪੀ.ਐਸ.ਟੀ.ਸੀ.ਐਲ., ਪਟਿਆਲਾ ਦੇ ਦਫਤਰ ਵਿਚ ਵੇਖੇ ਜਾ ਸਕਦੇ ਹਨ।ਉਪਰੋਕਤ ਸਕੀਮਾਂ ਸਬੰਧੀ ਜੇ ਕੋਈ ਇਤਰਾਜ਼ ਅਤੇ ਪ੍ਰਤੀ ਵੇਦਨਾ ਹੋਵੇ ਤਾਂ ਨਿਮਨ ਹਸਤਾਖਰ ਨੂੰ ਭੇਜੇ ਜਾਣ।

(ਇੰਜ. ਸਸ਼ੀ ਪ੍ਰਭਾ)
ਮੁੱਖ ਇੰਜੀਨੀਅਰ /ਟੀ.ਐਸ.,
ਪੀ.ਐਸ.ਟੀ.ਸੀ.ਐਲ.,
ਤੀਜੀ ਮੰਜਿਲ, ਸ਼ਕਤੀ ਸਦਨ, ਪਟਿਆਲਾ।